**ELECTION CELL**

**Electoral Registration Officer,**

**AC- 093-BATHINDA RURAL(SC)-cum- ACA,BDA**

Email: bathindarural093ac@gmail.com

ਪੱਤਰ ਨੰ. ਚੋਣ-2025/ 23 ਮਿਤੀ 8-9-2025

ਵੱਲ.

1. ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ, ਬਠਿੰਡਾ।
2. ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ, ਬਠਿੰਡਾ।
3. ਸਮੂਹ ਵਿਭਾਗ ਦੇ ਮੁੱਖੀ।

ਵਿਸ਼ਾ:- Special Intensive Revision (SIR) W.R.T 01.01.2025- regarding.

ਹਵਾਲਾ:- ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਦੇ ਦਫਤਰ ਦੇ ਪੱਤਰ ਨੰ. ਚੋਣ-2025/ਵਸ-5341 ਮਿਤੀ 05.06.2025 ਦੇ ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲਿਖਿਆ ਗਿਆ ਹੈ ਕਿ ਯੋਗਤਾ ਮਿਤੀ 01.01.2025 ਦੇ ਆਧਾਰ ਤੇ ਵੋਟਰ ਸੂਚੀ ਦੀ Special Intensive Revision ਦਾ ਪ੍ਰੋਗਰਾਮ ਭਾਰਤ ਚੋਣ ਕਮਿਸ਼ਨ ਵੱਲੋਂ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਇਸ ਦੇ ਸਬੰਧ ਵਿੱਚ ਭਾਰਤ ਚੋਣ ਕਮਿਸ਼ਨ ਵੱਲੋਂ ਮਿਤੀ 10.09.2025 ਨੂੰ ਮੁੱਖ ਚੋਣ ਅਫਸਰ ਨਾਲ CEO Conference ਰੱਖੀ ਗਈ ਹੈ। ਇਸ ਦੇ ਸਬੰਧ ਵਿੱਚ ਭਾਰਤ ਚੋਣ ਕਮਿਸ਼ਨ ਵੱਲੋਂ ਮੌਜੂਦਾ ਵੋਟਰ ਸੂਚੀ ਵਿੱਚ ਕਿੰਨ੍ਹੇ ਵੋਟਰ ਸਾਲ 2003 ਦੀ ਵੋਟਰ ਸੂਚੀ ਨਾਲ ਮੈਚ ਕਰਦੇ ਹਨ, ਉਹਨਾਂ ਦਾ ਵੇਰਵਾ ਮੰਗਿਆ ਗਿਆ ਹੈ ਜੋ ਕਿ CEO Conference ਵਿੱਚ ਵਿਚਾਰਿਆ ਜਾਣਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਆਪ ਦੇ ਅਧੀਨ ਕੰਮ ਕਰਦੇ ਵਿਧਾਨ ਸਭਾ ਚੋਣ ਹਲਕਾ 093- ਬਠਿੰਡਾ ਦਿਹਾਤੀ ਦੇ ਸਮੂਹ ਬੀ.ਐੱਲ.ਓਜ਼/ ਸੁਪਰਵਾਈਜ਼ਰ ਆਪਸ ਵਿੱਚ ਤਾਲਮੇਲ ਕਰਕੇ ਮਿਤੀ 08.09.2025 ਅਤੇ 09.09.2025 ਨੂੰ ਆਪਣੇ ਪਿੱਤਰੀ ਵਿਭਾਗ ਤੋਂ ਫਾਰਗ ਹੋ ਕੇ ਕੰਮ ਕਰਨਗੇ ਤਾਂ ਜੋ ਰਿਪੋਰਟ ਸਮੇਂ ਸਿਰ ਇਸ ਦਫਤਰ ਨੂੰ ਭੇਜੀ ਜਾ ਸਕੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਨੱਥੀ- ਬੀ.ਐੱਲ.ਓਜ਼ ਦੀ ਲਿਸਟ ਅਤੇ ਸੁਪਰਵਾਈਜ਼ਰ ਜੀ ਲਿਸਟ।

ਚੋਣਕਾਰ ਰਜਿਸਟਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।

ਪਿੱਠ ਅੰਕਣ ਨੰ. ਚੋਣ-2025/ ਮਿਤੀ

ਉਪਰੋਕਤ ਦਾ ਉਤਾਰਾ:-

1. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸਚੂਨਾ ਹਿੱਤ।
2. ਸਬੰਧਤ ਵਿਭਾਗ ਦੇ ਮੁੱਖੀ (ਸੁਪਰਵਾਈਜ਼ਰ ਅਤੇ ਬੀ.ਐੱਲ.ਓਜ਼) ਨੂੰ ਸਚੂਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿਠ ਅੰਕਣ ਨੰ: ਜੀ-4/1 (1/2025) 6386 ਮਿਤੀ: 09-09-25
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ।

ਚੋਣਕਾਰ ਰਜਿਸਟਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with OKEN Scanner

Scanned with OKEN Scanner